**ਮੈਂ ਵੋਟ ਪਾਉਂਦਾ ਹਾਂ।**

# ਆਮ ਚੁਣਾਉ

**ਮਈ 2017**

## ਸੂਬਾਈ ਚੁਣਾਉ 9 ਮਈ 2017 ਨੂੰ ਹੈ।

### ਤੁਸੀਂ ਵੋਟ ਪਾ ਸਕਦੇ ਹੋ ਜੇਕਰ ਤੁਸੀਂ:

- 9 ਮਈ 2017 ਨੂੰ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ
- ਕੈਨੇਡੀਅਨ ਨਾਗਰਿਕ ਹੋ, ਅਤੇ
- ਪਿਛਲੇ ਛੇ ਮਹੀਨਿਆਂ ਤੋਂ ਬ੍ਰਿਟਿਸ਼ ਕੁਲੰਬੀਆ ਦੇ ਵਸਨੀਕ ਹੋ

### ਵੋਟਰ ਰਜਿਸਟਰੇਸ਼ਨ

ਵੋਟ ਪਾਉਣ ਲਈ ਤੁਹਾਨੂੰ ਰਜਿਸਟਰ ਹੋਣਾ ਜ਼ਰੂਰੀ ਹੈ। ਜੇਕਰ ਤੁਸੀਂ ਪਹਿਲਾਂ ਰਜਿਸਟਰ ਨਹੀਂ ਹੋਏ, ਤਾਂ ਤੁਸੀਂ ਵੋਟ ਪੈਣ ਸਮੇਂ ਰਜਿਸਟਰ ਹੋ ਸਕਦੇ ਹੋ। ਵੋਟ ਪਾਉਣ ਮੌਕੇ ਆਪਣਾ ਪਛਾਣ ਪੱਤਰ ਨਾਲ ਲਿਆਉਣਾ ਯਾਦ ਰੱਖੋ।

### ਵੋਟ ਪਾਉਣਾ ਸੌਖਾ ਬਣਾਉ

ਡਾਕ 'ਚ ਆਪਣਾ ਵੋਟ ਕਿੱਥੇ ਪਾਉਣੀ ਹੈ ਵਾਲਾ ਕਾਰਡ ਵੇਖਦੇ ਰਹੋ ਅਤੇ ਵੋਟ ਲਈ ਆਉਣ ਮੌਕੇ ਇਹ ਆਪਣੇ ਨਾਲ ਲੈ ਕੇ ਆਵੋ। ਇਹ ਵੋਟ ਪਾਉਣ ਨੂੰ ਤੇਜ਼ ਅਤੇ ਸੁਖਾਲਾ ਬਣਾ ਦੇਵੇਗਾ।

ਤੁਸੀਂ ਸੂਬੇ 'ਚ ਵੋਟ ਪਾਉਣ ਵਾਲੀ ਕਿਸੇ ਵੀ ਜਗ੍ਹਾ 'ਤੇ ਵੋਟ ਪਾ ਸਕਦੇ ਹੋ। ਵੋਟ ਪਾਉਣ ਵਾਲੀਆਂ ਥਾਵਾਂ ਦੀ ਸੂਚੀ ਤੁਹਾਡੇ ਵੋਟ ਕਿੱਥੇ ਪਾਉਣੀ ਹੈ ਵਾਲੇ ਕਾਰਡ ਉੱਪਰ ਅਤੇ **elections.bc.ca/wtv** 'ਤੇ ਦਰਜ਼ ਹੈ। ਆਪਣੇ ਨੇੜੇ ਦੀਆਂ ਵੋਟ ਪਾਉਣ ਦੀਆਂ ਜਗ੍ਹਾ ਤੁਸੀਂ **1-800-661-8683** 'ਤੇ ਫੋਨ ਕਰਕੇ ਵੀ ਜਾਣ ਸਕਦੇ ਹੋ।

### ਐਡਵਾਂਸ ਵੋਟ ਪਾਉਣ ਦੇ ਛੇ ਦਿਨ

ਐਡਵਾਂਸ ਵੋਟ ਪਾਉਣਾ 29 ਅਤੇ 30 ਅਪਰੈਲ, ਅਤੇ 3, 4, 5 ਤੇ 6 ਮਈ ਨੂੰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ (ਸਥਾਨਕ ਸਮੇਂ) ਤੱਕ ਉਪਲਬਧ ਹੈ। ਐਡਵਾਂਸ ਵੋਟਿੰਗ 'ਤੇ ਸਾਰੇ ਵੋਟਰ ਵੋਟ ਪਾ ਸਕਦੇ ਹਨ ਅਤੇ ਐਡਵਾਂਸ ਵੋਟਿੰਗ ਵਾਲੀਆਂ ਸਾਰੀਆਂ ਜਗ੍ਹਾ ਵ੍ਹੀਲਚੇਅਰ ਲਈ ਪਹੁੰਚਯੋਗ ਹਨ।

### ਆਮ ਚੁਣਾਉ ਦਾ ਦਿਨ

ਆਮ ਚੁਣਾਉ ਦਾ ਦਿਨ ਮਈ 9 ਹੈ। ਵੋਟਾਂ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ (ਪੈਸੇਫਿਕ ਸਮੇਂ) ਪੈਣਗੀਆਂ।

### ਫਿਰ ਕਿਵੇਂ ਹੋਵੇਗਾ ਜੇਕਰ ਮੈਂ ਬਾਹਰ ਹੋਵਾਂ?

ਆਪਣੇ ਚੁਣਾਉ ਜ਼ਿਲੇ ਦੇ ਦਫਤਰ 'ਚ ਹੁਣ ਤੋਂ ਲੈ ਕੇ 9 ਮਈ ਸ਼ਾਮ 4 ਵਜੇ ਤੱਕ (ਪੈਸੇਫਿਕ ਸਮੇਂ) ਵੋਟ ਪਾਉ, ਜਾਂ ਫਿਰ ਇਲੈਕਸ਼ਨਜ਼ ਬੀ ਸੀ ਨੂੰ ਡਾਕ ਰਾਹੀਂ ਵੋਟ ਪਾਉਣ ਵਾਲੇ ਪੈਕੇਜ ਬਾਰੇ ਪੁੱਛੋ।

### ਉਮੀਦਵਾਰ ਬਣਨਾਂ

ਤੁਸੀਂ ਆਪਣੇ ਜ਼ਿਲਾ ਚੁਣਾਉ ਦਫਤਰ ਤੋਂ ਜਾਂ **elections.bc.ca.** 'ਤੋਂ ਆਨਲਾਈਨ ਉਮੀਦਵਾਰੀ ਦੀ ਨਾਮਜ਼ਦਗੀ ਕਿੱਟ ਹਾਸਲ ਕਰ ਸਕਦੇ ਹੋ।

ਭਰੀਆਂ ਹੋਈਆਂ ਨਾਮਜ਼ਦਗੀ ਕਿੱਟਾਂ ਤੁਹਾਡੇ ਜ਼ਿਲਾ ਚੁਣਾਉ ਅਫਸਰ ਕੋਲ 18 ਅਪਰੈਲ 2017 ਨੂੰ ਬਾਦ ਦੁਪਹਿਰ 1 ਵਜੇ (ਪੈਸੇਫਿਕ ਸਮਾਂ) ਤੱਕ ਜ਼ਰੂਰ ਪਹੁੰਚਣੀਆਂ ਚਾਹੀਦੀਆਂ ਹਨ।

### ਸੁਆਲ?

ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ ਵੇਖੋ ਜਾਂ ਸਾਨੂੰ ਟਾਲ-ਫਰੀ ਫੋਨ ਕਰੋ ਜਾਂ ਆਪਣੇ ਜ਼ਿਲਾ ਚੁਣਾਉ ਦਫਤਰ ਨਾਲ ਸੰਪਰਕ ਕਰੋ।

elections.bc.ca / 1-800-661-8683

ELECTIONS BC
A non-partisan Office of the Legislature
ਟੀ ਟੀ ਵਾਈ 1-888-456-5448